ਪੱਤਰ ਨੰ: ਪਸਸਬ/ਲੇਟਰ ਸੈੱਟ, ਪ੍ਰੀ-ਬਾਰ੍ਹਵੀਂ/....150039...

ਵਿਸ਼ਾ: ਬਾਰਵੀਂ ਪੀਖਿਆ ... ਮਿਤੀ: 7/2/202..

(1)

## ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ,

ਸਮੂਹ ਕੇਂਦਰ ਸੁਪਰਡੰਟ
ਪੰਜਾਬ ।

ਨੰ.ਪਸਸਬ-ਪ੍ਰੀਖਿਆ ਬਾਰ੍ਹਵੀਂ-2024/ਲ.ਸ/ਸੁ-07/ 150039 ਮਿਤੀ: 7/2/2024

**ਵਿਸ਼ਾ- ਬਾਰ੍ਹਵੀਂ ਪ੍ਰੀਖਿਆ ਮਾਰਚ-2024 (ਸਲਾਨਾ) ਦੌਰਾਨ ਪ੍ਰੀਖਿਆਵਾਂ ਦੇ ਹਸਤਾਖਰ ਚਾਰਟ ਭੇਜਣ ਬਾਰੇ।**

ਸ੍ਰੀ ਮਾਨ/ਸ੍ਰੀ ਮਤੀ ਜੀ,

ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਬਾਰ੍ਹਵੀਂ ਪ੍ਰੀਖਿਆ ਮਾਰਚ-2024 (ਸਲਾਨਾ) ਦੀਆਂ ਪ੍ਰੀਖਿਆਵਾਂ ਜੋ ਕਿ ਮਿਤੀ: 13/02/2024 ਤੋਂ ਆਰੰਭ ਹੋ ਰਹੀਆਂ ਹਨ । ਇਨ੍ਹਾਂ ਪ੍ਰੀਖਿਆਵਾਂ ਦੇ ਹਸਤਾਖਰ ਚਾਰਟ ਪ੍ਰੀਖਿਆ ਸਮਾਪਤ ਹੋਣ ਉਪਰੰਤ ਹਸਤਾਖਰ ਚਾਰਟ ਭੇਜਣ ਦੇ ਮੰਤਵ ਲਈ ਦਫਤਰ ਵੱਲੋਂ ਭੇਜੇ ਗਏ ਲਿਫਾਫੇ ਤੇ ਪ੍ਰੀਖਿਆ ਦੀ ਸ਼੍ਰੇਣੀ, ਪ੍ਰੀਖਿਆ ਕੇਂਦਰ ਦਾ ਨਾਂ ਅਤੇ ਜਿਲ੍ਹਾ ਦਰਜ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ (ਮੋਹਾਲੀ) ਦੇ ਨਾਂ ਤੇ ਦਫਤਰ ਵੱਲੋਂ ਸਥਾਪਿਤ ਇਕੱਤਰ ਕੇਂਦਰ/ਖੇਤਰੀ ਦਫਤਰ ਪਾਠ ਪੁਸਤਕਾਂ ਵਿਕਰੀ ਡੀਪੂ, ਵਿਖੇ ਵੱਖਰੇ ਤੌਰ ਤੇ ਜਮਾਂ ਕਰਵਾਏ ਜਾਣ। ਇਹ ਹਸਤਾਖਰ ਚਾਰਟ ਰਜਿਸਟਰਡ ਡਾਕ ਰਾਹੀਂ ਜਾਂ ਸੁਪਰਡੰਟ ਦੇ ਆਖਰੀ ਪੈਕਟ ਵਿੱਚ ਨਾ ਭੇਜੇ ਜਾਣ।

**ਕੇਂਦਰ ਸੁਪਰਡੰਟ ਸਾਹਿਬਾਨ ਹੇਠ ਅਨੁਸਾਰ ਕਾਰਵਾਈ ਕਰਨਾ ਵੀ ਯਕੀਨੀ ਬਣਾਉਣ:-**

1. ਪ੍ਰੀਖਿਆਰਥੀ ਦੀ ਉੱਤਰ ਪੱਤਰੀ ਦਾ ਨੰਬਰ ਹਸਤਾਖਰ ਚਾਰਟ ਵਿੱਚ ਵਿਸ਼ੇ ਨਾਲ ਸਬੰਧਤ ਕਾਲਮ ਵਿੱਚ ਸਾਫ ਸਾਫ ਅੱਖਰਾਂ ਵਿੱਚ ਦਰਜ ਕਰ ਦਿੱਤਾ ਗਿਆ ਹੋਵੇ।

2. ਪ੍ਰੀਖਿਆਰਥੀ ਵੱਲੋ ਹਸਤਾਖਰ ਚਾਰਟ ਵਿੱਚ ਹਸਤਾਖਰ ਕਰ ਦਿੱਤੇ ਗਏ ਹੋਣ।

3. ਜੇਕਰ ਪ੍ਰੀਖਿਆਰਥੀ ਗੈਰ ਹਾਜਰ ਹੁੰਦਾ ਹੈ, ਤਾਂ ਸਬੰਧਤ ਕਾਲਮ ਵਿੱਚ ਲਾਲ ਪੈਨ ਨਾਲ ਗੈਰ ਹਾਜਰ ਦਰਜ ਕਰ ਦਿੱਤਾ ਜਾਵੇ ਜਾਂ ਹਾਈਲਾਈਟ ਕਰ ਦਿੱਤਾ ਜਾਵੇ।

4 ਜੇਕਰ ਹਸਤਾਖਰ ਚਾਰਟ ਵਿੱਚ ਪ੍ਰੀਖਿਆਰਥੀ ਦੀ ਫੋਟੋ ਛਪਣ ਤੋਂ ਰਹਿ ਗਈ ਹੋਵੇ ਜਾਂ ਪ੍ਰੀਖਿਆਰਥੀ ਦੀ ਫੋਟੋ ਧੁੰਧਲੀ ਹੋਣ ਕਰਕੇ ਪਹਿਚਾਨ ਨਾ ਹੋ ਰਹੀ ਹੋਵੇ । ਅਜਿਹੀ ਸਥਿਤੀ ਵਿੱਚ ਪ੍ਰੀਖਿਆਰਥੀ ਦੀ ਇੱਕ ਫੋਟੋ ਕੇਂਦਰ ਸੁਪਰਡੰਟ ਵੱਲੋਂ ਤਸਦੀਕ ਕਰਕੇ ਹਸਤਾਖਰ ਚਾਰਟ ਤੇ ਪੇਸਟ ਕਰ ਦਿੱਤੀ ਜਾਵੇ, ਇਸ ਸਬੰਧੀ ਮੁੱਖ ਦਫਤਰ ਵਿਖੇ ਵੀ ਸੂਚਿਤ ਕੀਤਾ ਜਾਵੇ ।

5 ਇਸ ਪ੍ਰੀਖਿਆ ਦੇ ਹਸਤਾਖਰ ਚਾਰਟ ਦਾ ਰਿਕਾਰਡ ਫੋਟੋਕਾਪੀ ਦੇ ਰੂਪ ਵਿੱਚ ਕੇਂਦਰ ਸੁਪਰਡੰਟ ਅਤੇ ਸਕੂਲ ਪੱਧਰ ਤੇ ਰੱਖਿਆ ਜਾਵੇ, ਹਸਤਾਖਰ ਚਾਰਟ ਮੁੱਖ ਦਫਤਰ, ਐਸ.ਏ.ਐਸ.ਨਗਰ ਵਿਖੇ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਲੋੜ ਪੈਣ ਤੇ ਹਸਤਾਖਰ ਚਾਰਟ ਮੁੜ ਭੇਜਣ ਲਈ ਕਿਹਾ ਜਾ ਸਕਦਾ ਹੈ।

6 ਪ੍ਰੀਖਿਆ ਦੌਰਾਨ ਪ੍ਰੀਖਿਆਰਥੀਆਂ ਦੀ ਗੈਰ-ਹਾਜ਼ਰੀ ਬੋਰਡ ਪੋਰਟਲ Student Attendence ਲਿੰਕ ਤੇ ਪ੍ਰਤੀ ਦਿਨ ਅਪਲੋਡ ਕੀਤੀ ਜਾਵੇ ।

7 ਜਿਹੜੇ ਸਕੂਲ ਦੇ ਪ੍ਰੀਖਿਆਰਥੀ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆ ਦੇ ਰਹੇ ਹਨ, ਇਹਨਾਂ ਪ੍ਰੀਖਿਆਰਥੀਆਂ ਦੀਆਂ ਪ੍ਰੀਖਿਆਵਾ ਸਮਾਪਤ ਹੋਣ ਤੇ ਹਸਤਾਖਰ ਚਾਰਟ ਦੀ PDF ਕਾਪੀ ਸਬੰਧਤ ਸਕੂਲ ਦੇ ਪ੍ਰਿੰਸੀਪਲ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਸਬੰਧਤ ਸਕੂਲ ਵੱਲੋਂ ਇਸ ਨੂੰ ਹਾਰਡ ਕਾਪੀ ਦੇ ਰੂਪ ਵਿੱਚ ਵੀ ਰਿਕਾਰਡ ਹਿੱਤ ਰੱਖਿਆ ਜਾਵੇ।

Balwinder Singh

ਸੁਪਰਡੰਟ (ਪ੍ਰੀਖਿਆ ਬਾਰ੍ਹਵੀਂ)

# ਪੰਜਾਬ ਸਕੂਲ ਸਿੱਖਿਆ ਬੋਰਡ

**ਪ੍ਰੀਖਿਆਵਾ ਦੌਰਾਨ ਪ੍ਰੀਖਿਆ ਵਿੱਚ ਗੈਰ-ਹਾਜ਼ਰ ਰਹੇ ਪ੍ਰੀਖਿਆਰਥੀਆਂ ਦੀ ਗੈਰ-ਹਾਜ਼ਰੀ ਬੋਰਡ ਪੋਰਟਲ ਤੇ ਅਪਲੋਡ ਕਰਨ ਸਬੰਧੀ Step ਹੇਠ ਲਿਖੇ ਅਨੁਸਾਰ ਹਨ :-**

1. ਸਕੂਲ ਦਾ ਲਾੱਗ ਇੰਨ ਆਈ.ਡੀ ਕਰਨ ਉਪਰੰਤ Exam Centre Menu ਅਧੀਨ Student Attendence ਲਿੰਕ (SUB MENU) ਤੇ ਕਲਿੱਕ ਕੀਤਾ ਜਾਵੇ ।
2. SUB MENU ਕਲਿੱਕ ਕਰਨ ਉਪਰੰਤ Dash Board ਖੁੱਲ੍ਹੇਗਾ ਅਤੇ ਉਸਤੇ ਸ੍ਰੇਣੀ / ਕੈਟਾਗਰੀ (ਰੈਗੂਲਰ, ਓਪਨ ਸਕੂਲ, ਪ੍ਰਾਈਵੇਟ) ਕੇਂਦਰ ਅਤੇ ਪ੍ਰੀਖਿਆ ਮਿਤੀ Select ਕਰਨ ਉਪਰੰਤ Search ਦਾ ਬਟਨ ਕਲਿੱਕ ਕੀਤਾ ਜਾਵੇ ।
3. Search ਦਾ ਬਟਨ ਕਲਿੱਕ ਕਰਨ ਉਪਰੰਤ ਪ੍ਰੀਖਿਆ ਦੀ ਮਿਤੀ, ਵਿਸ਼ਾ ਵਾਈਜ਼ ਸੂਚੀ ਦਿਖਾਈ ਦੇਵੇਗੀ । ਜਿਸ ਵਿੱਚ ਕੁੱਲ ਪ੍ਰੀਖਿਆਰਥੀਆਂ ਦੀ ਗਿਣਤੀ ਅਤੇ ਹੋਰ ਜਾਣਕਾਰੀ ਦਰਜ ਹੋਵੇਗੀ । ਇਸ ਸੂਚੀ ਵਿੱਚ ਇੱਕ Action ਬਟਨ ਦੇ ਅੰਦਰ Attendence ਬਟਨ ਦਿਖਾਈ ਦੇਵੇਗਾ ।
4. Attendence ਬਟਨ ਕਲਿੱਕ ਕਰਨ ਉਪਰੰਤ ਪ੍ਰੀਖਿਆਰਥੀਆਂ ਦੀ ਸੂਚੀ ਦਿਖੇਗੀ । ਇਸ ਸੂਚੀ ਅਨੁਸਾਰ ਜੇਕਰ ਪ੍ਰੀਖਿਆਰਥੀ ਪ੍ਰੀਖਿਆ ਵਿੱਚ ਗੈਰ-ਹਾਜ਼ਰ ਹੈ ਜਾਂ UMC ਕੇਸ ਨਾਲ ਸਬੰਧਤ ਹੈ, ਅਜਿਹੇ ਪ੍ਰੀਖਿਆਰਥੀਆਂ ਦਾ Drop down ਵਿਚੋਂ ਸਟੇਟਸ ਚੁਣ ਲਿਆ ਜਾਵੇ ।
5. ਫਾਈਨਲ ਸਬਮਿਟ ਕਰਨ ਤੋਂ ਪਹਿਲਾਂ ਦਰਜ ਕੀਤੇ ਗਏ ਵੇਰਵੇ ਚੈੱਕ ਕਰ ਲਏ ਜਾਣ ਉਪਰੰਤ ਸਬਮਿਟ ਕਰ ਦਿੱਤਾ ਜਾਵੇ।

**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ,

ਸਮੂਹ ਮੈਨੇਜਰ,
ਖੇਤਰੀ ਦਫਤਰ ਪਾਠ ਪੁਸਤਕਾਂ ਵਿਕਰੀ ਡੀਪੂ,
ਪੰਜਾਬ।

ਪੱਤਰ ਨੰ: ਪਸਸਬ/ਲੇਟਰ ਸੈੱਟ, ਪ੍ਰੀ-ਬਾਰ੍ਹਵੀਂ/...150039.. ਮਿਤੀ: 7/2/2024

ਵਿਸ਼ਾ: ਬਾਰ੍ਹਵੀਂ ਪ੍ਰੀਖਿਆ ਮਾਰਚ-2024 (ਸਲਾਨਾ) ਪ੍ਰੀਖਿਆ ਦੌਰਾਨ ਪ੍ਰੀਖਿਆਰਥੀਆਂ ਦੇ ਹਸਤਾਖਰ ਪ੍ਰੀਖਿਆ ਕੇਂਦਰ ਸੁਪਰਡੰਟ ਵੱਲੋਂ ਪ੍ਰਾਪਤ ਕਰਨ ਅਤੇ ਮੁੱਖ ਦਫਤਰ ਵਿਖੇ ਭੇਜਣ ਸਬੰਧੀ।

ਸ੍ਰੀ ਮਾਨ ਜੀ,

ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਬਾਰ੍ਹਵੀਂ ਪ੍ਰੀਖਿਆ ਮਾਰਚ-2024 (ਸਲਾਨਾ) ਦੀਆਂ ਪ੍ਰੀਖਿਆਵਾਂ ਮਿਤੀ:13/02/2024 ਤੋਂ ਆਰੰਭ ਹੋ ਰਹੀਆਂ ਹਨ, ਪ੍ਰੀਖਿਆਵਾਂ ਸਮਾਪਤ ਹੋਣ ਤੇ ਪ੍ਰੀਖਿਆਰਥੀਆਂ ਦੇ ਹਸਤਾਖਰ ਚਾਰਟਾਂ ਦਾ ਬੰਦ ਲਿਫਾਫਾ ਕੇਂਦਰ ਸੁਪਰਡੰਟ ਵਲੋਂ ਵੱਖਰੇ ਤੌਰ ਤੇ ਪ੍ਰਾਪਤ ਕੀਤਾ ਜਾਵੇ ਅਤੇ ਇਹ ਹਸਤਾਖਰ ਚਾਰਟ ਮੁੱਖ ਦਫਤਰ ਤੋਂ ਉੱਤਰ-ਪੱਤਰੀਆਂ ਲੈਣ ਲਈ ਆਏ ਕਰਮਚਾਰੀ ਨੂੰ ਸੌਂਪ ਦਿੱਤੇ ਜਾਣ। ਕਿਉਂਕਿ ਪ੍ਰੀਖਿਆ ਦੌਰਾਨ ਪ੍ਰੀਖਿਆਰਥੀਆਂ ਦੀ ਹਾਜ਼ਰੀ/ਗੈਰ-ਹਾਜ਼ਰੀ ਚੈੱਕ ਕਰਨ ਲਈ ਹਸਤਾਖਰ ਚਾਰਟ ਅਤੀ ਜਰੂਰੀ ਦਸਤਾਵੇਜ ਹਨ। ਇਸ ਲਈ ਹਸਤਾਖਰ ਚਾਰਟ ਦਾ ਲਿਫਾਫਾ ਮੁੱਖ ਦਫਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ ਜੀ।

Balwinder Sum

**ਸੁਪਰਡੰਟ (ਲੇਟਰ ਸੈੱਟ, ਪ੍ਰੀ-ਬਾਰ੍ਹਵੀਂ)**